# ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ
# ਐਸ.ਸੀ.ਓ 104-106 ਸੈਕਟਰ 34-ਏ, ਚੰਡੀਗੜ੍ਹ

ਫੋਨ ਨੰ: 0172-2623207,2663104 ਈ.ਮੇਲ ssa.punjab@yahoo.co.in

ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-ਸਟੇਟ ਪ੍ਰਾਜੈਕਟ ਡਾਇਰੈਕਟਰ ਸਰਵ ਸਿੱਖਿਆ ਅਭਿਆਨ ਵੱਲੋਂ ਨਿਮਨਲਿਖਤ ਖਾਲੀ ਅਸਾਮੀਆਂ ਕੰਟਰੈਕਟ ਬੇਸਿਜ਼ ਤੇ ਭਰਨ ਲਈ ਅਰਜ਼ੀਆਂ ਦੀ ਮੰਗ ਕੀਤੀ ਜਾਂਦੀ ਹੈ:-

| ਅਸਾਮੀ ਦਾ ਨਾਮ | ਮਾਸਿਕ ਬੱਝਵੀਂ ਤਨਖਾਹ | ਮੁਢਲੀ ਵਿੱਦਿਅਕ ਅਤੇ ਕਿੱਤਾ ਯੋਗਤਾ | ਅਸਾਮੀਆਂ ਦੀ ਗਿਣਤੀ |
|---|---|---|---|
| ਅਸਿਸਟੈਂਟ ਮੈਨੇਜਰ (ਐਮ.ਆਈ.ਐਸ) | 15,000/-ਰੁ: | ਉਮੀਦਵਾਰ ਨੇ ਬੀ.ਈ (ਕੰਪਿਊਟਰ) ਜਾਂ ਐਮ.ਐਸ.ਸੀ (ਆਈ.ਟੀ)/ ਐਮ.ਸੀ.ਏ ਪਹਿਲੇ ਦਰਜੇ ਵਿਚ ਪਾਸ ਕੀਤੀ ਹੋਵੇ। | 1 (ਮੁੱਖ ਦਫਤਰ) |
| ਕੰਪਿਊਟਰ ਪ੍ਰੋਗਰਾਮਰ | 12,500/- ਰੁ | ਉਮੀਦਵਾਰ ਨੇ ਬੀ.ਸੀ.ਏ ਪਹਿਲੇ ਦਰਜੇ ਵਿਚ ਪਾਸ ਕੀਤੀ ਹੋਵੇ। | 1 (ਮੁੱਖ ਦਫਤਰ) |

- **ਅਸਾਮੀਆਂ ਦੀ ਗਿਣਤੀ ਲੋੜ ਅਨੁਸਾਰ ਘਟ ਜਾਂ ਵਧ ਸਕਦੀ ਹੈ।**
- **ਉਮੀਦਵਾਰ ਸਾਫ ਤੌਰ ਤੇ ਲਿਖਣ ਕਿ ਉਨ੍ਹਾਂ ਨੇ ਵਿੱਦਿਅਕ ਯੋਗਤ ਕਿਸ ਤਰਾਂ ਪ੍ਰਾਪਤ ਕੀਤੀ ਹੈ ਅਰਥਾਤ ਰੈਗੁਲਰ ਉਮੀਦਵਾਰ ਵਜੋਂ/ਪ੍ਰਾਈਵੇਟ ਉਮੀਦਵਾਰ ਵਜੋਂ ਜਾਂ ਡਾਕ ਸਿੱਖਿਆ ਪ੍ਰਣਾਲੀ ਰਾਹੀਂ।**
- **ਤਜਰਬੇ ਦੇ ਵੱਖਰੇ ਅੰਕ ਦਿੱਤੇ ਜਾਣਗੇ।**

**ਆਮ ਨਿਯਮ ਅਤੇ ਸ਼ਰਤਾਂ**

- ਐਸ.ਐਸ.ਏ ਅਧੀਨ ਸਾਰੀਆਂ ਅਸਾਮੀਆਂ ਮੁੱਢਲੇ ਤੌਰ 'ਤੇ ਇੱਕ ਸਾਲ ਦੇ ਠੇਕੇ ਆਧਾਰ 'ਤੇ ਹੋਣਗੀਆਂ ਜੋ ਕਿ ਚੰਗੀ ਕਾਰ-ਗੁਜ਼ਾਰੀ ਅਤੇ ਪ੍ਰਾਪਤੀ ਦੇ ਆਧਾਰ 'ਤੇ ਹਰ ਸਾਲ ਲਈ ਨਵਿਆਈਆਂ ਜਾ ਸਕਦੀਆ ਹਨ ।
- ਵਿਦਿਅਕ ਯੋਗਤਾ ਕਿਸੇ ਮਾਨਤਾ ਪ੍ਰਾਪਤ ਯੂਨੀਵਰਸਿਟੀ /ਬੋਰਡ/ਸੰਸਥਾਂ ਤੋਂ ਪਾਸ ਹੋਵੇ । ਉਮੀਦਵਾਰ ਨੇ ਬਿਨੈ ਪੱਤਰ ਜਮ੍ਹਾਂ ਕਰਨ ਲਈ ਨੀਯਤ ਮਿਤੀ ਤੋਂ ਪਹਿਲਾਂ ਅੰਤਿਮ ਪ੍ਰੀਖਿਆ ਪਾਸ ਕੀਤੀ ਹੋਵੇ ਅਤੇ ਯੋਗਤਾ ਕੋਰਸ ਮੁਕੰਮਲ ਕੀਤਾ ਹੋਵੇ ।
- ਬਿਨੈਪੱਤਰ ਦਿੱਤੇ ਨਿਰਧਾਰਿਤ ਪ੍ਰੋਫਾਰਮੇ ਵਿੱਚ ਭੇਜਿਆ ਜਾਵੇ ਜਿਸ ਦੇ ਨਾਲ ਦੋ ਪਾਸਪੋਰਟ ਅਕਾਰ ਦੀਆਂ ਫੋਟੋਆਂ ਭੇਜੀਆਂ ਜਾਣ ।
- ਉਮੀਦਵਾਰ ਦੀ ਉਮਰ 01-10-2010 ਨੂੰ 35 ਸਾਲ ਤੋਂ ਵੱਧ ਨਹੀਂ ਹੋਣੀ ਚਾਹੀਦੀ ।
- ਅਸਾਮੀਆਂ ਦਾ ਰਾਖਵਾਂਕਰਨ ਪੰਜਾਬ ਸਰਕਾਰ ਦੀ ਪਾਲਿਸੀ ਅਨੁਸਾਰ ਹੋਵੇਗਾ ।
- ਉਮੀਂਦਵਾਰ ਪੰਜਾਬ ਰਾਜ ਦਾ ਵਸਨੀਕ ਹੋਵੇ ।
- ਬਿਨੈਪੱਤਰਾਂ ਦੇ ਨਾਲ ਜਨਮ ਸਰਟੀਫਿਕੇਟ, ਯੋਗਤਾਵਾਂ, ਰਿਹਾਇਸ਼ ਸਬੂਤ, ਰਾਖਵੇਂ ਵਰਗ ਆਦਿ ਦੀਆਂ ਤਸਦੀਕਸ਼ੁਦਾ ਕਾਪੀਆਂ ਨੱਥੀ ਹੋਣੀਆਂ ਚਾਹੀਦੀਆਂ ਹਨ ।
- ਬਿਨੈਪੱਤਰ ਦੇ ਨਾਲ "ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ" ਦੇ ਪੱਖ ਵਿੱਚ ਚੰਡੀਗੜ੍ਹ ਵਿਖੇ ਅਦਾਯੋਗ ਰੁਪਏ 250/- (ਐਸ.ਸੀ ਲਈ 125/- ਰੁਪਏ) ਨਾ ਮੋੜਨਯੋਗ ਦਾ ਡਿਮਾਂਡ ਡਰਾਫਟ ਨੱਥੀ ਕੀਤਾ ਹੋਵੇ ।
- ਅਧੂਰੇ ਬਿਨੈਪੱਤਰ ਵਿਚਾਰੇ ਨਹੀ ਜਾਣਗੇ । ਚਾਹਵਾਨ ਅਤੇ ਯੋਗ ਉਮੀਦਵਾਰ ਨੂੰ ਬਿਨੈਪੱਤਰ ਹੇਠਾਂ ਦਿੱਤੇ ਪ੍ਰੋਫਾਰਮੇ ਅਨੁਸਾਰ (ਟੈਸਟੀਮੋਨੀਅਲਜ਼ ਦੀਆ ਤਸਦੀਕਸ਼ੁਦਾ ਕਾਪੀਆਂ ਸਹਿਤ ) ਭੇਜੇ ਜਾਣ ।
- ਐਸ.ਪੀ.ਡੀ , ਐਸ.ਐਸ.ਏ ਪੰਜਾਬ ਬਿਨਾਂ ਕਾਰਨ ਦੱਸੇ ਕਿਸੇ ਵੀ ਜਾਂ ਸਾਰੇ ਉਮੀਦਵਾਰਾਂ ਨੂੰ ਰਿਜੈਕਟ ਕਰਨ ਦਾ ਹੱਕ ਰਾਖਵਾਂ ਰੱਖਦਾ ਹੈ ।
- ਸਰਕਾਰ ਦੁਆਰਾ ਦੰਡ ਜਾਂ ਪਬਲਿਕ ਅਥਾਰਟੀ ਦੁਆਰਾ ਬਰਖ਼ਾਸਤ ਇੰਪਲਾਈਜ਼ ਬਿਨੈ ਨਾ ਕਰਨ । ਜੇਕਰ ਉਮੀਦਵਾਰ ਅਜਿਹੀ ਸੂਚਨਾ ਗੁਪਤ ਰੱਖ ਕੇ ਰੁਜ਼ਗਾਰ ਪ੍ਰਾਪਤ ਕਰਦਾ ਹੈ ਤਾਂ ਬਿਨਾਂ ਸੂਚਨਾ ਉਸ ਦੀ ਉਮੀਦਵਾਰੀ ਰੱਦ ਕੀਤੀ ਜਾਵੇਗੀ ।

ਸਾਰੀਆਂ ਅਰਜ਼ੀਆਂ ਨਿਰਧਾਰਤ ਪ੍ਰੋਫਾਰਮੇ ਵਿੱਚ ਮਿਤੀ 15.11.2010 ਸ਼ਾਮ 5.00 ਤੱਕ ਉਪਰੋਕਤ ਦਿੱਤੇ ਐਡਰੈਸ ਤੇ ਪੁੱਜ ਜਾਣੀਆਂ ਚਾਹੀਦੀਆਂ ਹਨ। ਨਿਰਧਾਰਤ ਮਿਤੀ ਤੋਂ ਬਾਅਦ ਪੁੱਜੀਆਂ ਅਰਜ਼ੀਆਂ ਉਤੇ ਵਿਚਾਰ ਨਹੀਂ ਕੀਤੀ ਜਾਵੇਗੀ।

<u>**ਅਰਜ਼ੀ ਦਾ ਪ੍ਰੋਫਾਰਮਾ**</u>

**ਅਸਾਮੀ ਦਾ ਨਾਮ ਜਿਸ ਲਈ ਦਰਖਾਸਤ ਕੀਤੀ ਗਈ ਹੈ...............ਜ਼ਿਲਾ................ ਅਧੀਨ ਸੋਸਾਈਟੀ** .............................

ਇੱਥੇ ਪਾਸਪੋਰਟ ਸਾਈਜ਼ ਤਾਜ਼ਾ ਫੋਟੋ ਚਿਪਕਾਈ ਜਾਵੇ

1. ਨਾਮ :

2. ਪਿਤਾ ਦਾ ਨਾਮ

3. ਜਨਮ ਮਿਤੀ

4. ਸਥਾਈ ਪਤਾ

5. ਯੋਗਤਾ:

| ਲੜੀ ਨੰ: | ਪਾਸ ਕੀਤਾ ਗਿਆ ਇਮਤਿਹਾਨ | ਯੂਨੀਵਰਸਿਟੀ/ਬੋਰਡ/ਸੰਸਥਾ | ਪਾਸ ਕਰਨ ਦਾ ਸਾਲ | ਅੰਕਾਂ ਦੀ ਪ੍ਰਤੀਸ਼ਤਤਾ |
|---|---|---|---|---|
| | | | | |

( ਮੈਟ੍ਰਿਕ ਤੋਂ ਲੈਕੇ ਸਭ ਤੋਂ ਅਖੀਰਲੀ ਯੋਗਤਾ ਤੱਕ ਸਭ ਦਾ ਵੇਰਵਾ ਦਿੱਤਾ ਜਾਵੇ )

6.ਸੰਬੰਧਤ ਕੰਮ ਦਾ ਤਜਰਬਾ ____________________________________________

7. ਬੈਂਕ ਡਰਾਫਟ ਦਾ ਵੇਰਵਾ

| ਬੈਂਕ ਦਾ ਨਾਮ | ਡਰਾਫਟ ਨੰ: | ਰਾਸ਼ੀ | ਮਿਤੀ |
|---|---|---|---|
| | | | |

8. ਜ਼ਿਲੇ ਦਾ ਨਾਮ ਜਿਸ ਨਾਲ ਉਮੀਦਵਾਰ ਸੰਬੰਧ ਰੱਖਦਾ ਹੈ

| | | |
|---|---|---|
| 9. ਪੱਤਰ ਵਿਹਾਰ ਲਈ ਪਤਾ ( ਪੂਰਾ ਨਾਮ ਅਤੇ ਪਤਾ ਵੱਡੇ ਅੱਖਰਾਂ ਵਿੱਚ ਕੇਵਲ ਕਾਲੀ ਸਿਆਹੀ ਨਾਲ ਲਿਖਿਆ ਜਾਵੇ ) | ...........................................................<br>ਜ਼ਿਲਾ............................ ਪਿਨ ਕੋਡ.......................<br>ਫੋਨ ਨੰ: (ਐਸ.ਟੀ.ਡੀ ਕੋਡ ਸਮੇਤ)................ਮੋਬਾ: ਨੰ:.................<br>ਈ-ਮੇਲ ਐਡਰੈਸ..................................... | ਆਪਣੇ ਹਸਤਾਖਰਾਂ ਵਾਲੀ ਤਾਜ਼ਾ ਪਾਸਪੋਰਟ ਸਾਈਜ਼ ਫੋਟੋ ਇੱਥੇ ਚਿਪਕਾਈ ਜਾਵੇ (5 ਸੈਂ.ਮੀ × 7 ਸੈਂ:ਮੀ. ) |

ਘੋਸ਼ਣਾ : ਮੈਂ ਘੋਸ਼ਣਾ ਕਰਦਾ ਹਾਂ ਕਿ ਬਿਨੈ-ਪੱਤਰ ਵਿੱਚ ਦਿੱਤੇ ਗਏ ਸਾਰੇ ਵੇਰਵੇ ਮੇਰੇ ਵਿਸ਼ਵਾਸ ਅਤੇ ਜਾਣਕਾਰੀ ਅਨੁਸਾਰ ਸਹੀ ਹਨ। ਜੇਕਰ ਇਹ ਵੇਰਵੇ ਗਲਤ ਪਾਏ ਗਏ ਤਾਂ ਮੇਰੀ ਉਮੀਦਵਾਰੀ/ਨਿਯੁਕਤੀ ਬਿਨਾਂ ਕਿਸੇ ਨੋਟਿਸ ਤੋਂ ਰੱਦ ਕਰ ਦਿੱਤੀ ਜਾਵੇ ।

ਮਿਤੀ ..................

ਹਸਤਾਖਰ

ਸਥਾਨ